# ਸ਼ੇਖ ਫ਼ਰੀਦ - ਸਬਦ ੪੭

## ਕੰਧਿ ਕੁਹਾੜਾ ਸਿਰਿ ਘੜਾ ਵਣਿ ਕੈ ਸਰੁ ਲੋਹਾਰੁ ॥

## ਸਲੋਕ, ਸੇਖ ਫਰੀਦ, ਗੁਰੂ ਗ੍ਰੰਥ ਸਾਹਿਬ, ੧੩੮੦

ਕੰਧਿ ਕੁਹਾੜਾ ਸਿਰਿ ਘੜਾ ਵਣਿ ਕੈ ਸਰੁ ਲੋਹਾਰੁ ॥
ਫਰੀਦਾ ਹਉ ਲੋੜੀ ਸਹੁ ਆਪਣਾ ਤੂ ਲੋੜਹਿ ਅੰਗਿਆਰ ॥੪੩॥

ਸਾਰ: ਸਾਧਨਾਂ ਨੂੰ ਹੀ ਸੰਪੂਰਨਤਾ ਸਮਝ ਲੈਣ ਦਾ ਭਰਮ ਉਦੋਂ ਪੈਦਾ ਹੁੰਦਾ ਹੈ, ਜਦੋਂ ਜੀਵਨ ਦੀ ਨਿਸ਼ਾਨਦੇਹੀ ਕਰਨ ਵਾਲੇ ਪੈਮਾਨੇ ਸਾਡੇ ਅਸਲ ਤੱਤਸਾਰ ਨੂੰ ਕੱਜ ਦਿੰਦੇ ਹਨ। ਅਸੀਂ ਅਕਸਰ ਦਰਜਾ, ਪਦਾਰਥਾਂ ਅਤੇ ਰਿਸ਼ਤਿਆਂ ਨੂੰ ਹੀ ਭਰਪੂਰਤਾ ਦੇ ਸਾਧਨ ਸਮਝ ਬੈਠਦੇ ਹਾਂ, ਤੇ ਇਹ ਵਿਸਾਰ ਦਿੰਦੇ ਹਾਂ ਕਿ ਇਹ ਸਿਰਫ਼ ਉਸ ਤੱਕ ਪਹੁੰਚਣ ਦੇ ਰਾਹ ਹਨ। ਇਹ ਵਸਤਾਂ ਸਥਿਰਤਾ ਤਾਂ ਦੇ ਸਕਦੀਆਂ ਹਨ, ਪਰ ਜਦੋਂ ਅਸੀਂ ਇਨ੍ਹਾਂ ਨੂੰ ਆਪਣਾ ਅੰਤਿਮ ਉਦੇਸ਼ ਬਣਾ ਲੈਂਦੇ ਹਾਂ, ਤਾਂ ਇਹ ਸਾਡੀ ਅੰਤਰੀਵੀ ਪੂਰਨਤਾ ਦੀ ਥਾਂ ਨਹੀਂ ਲੈ ਸਕਦੀਆਂ। ਅਸਲ ਭਰਪੂਰਤਾ ਦਾ ਉਭਾਰ ਤਦ ਹੁੰਦਾ ਹੈ ਜਦੋਂ ਅਸੀਂ ਬਾਹਰੀ ਸਾਧਨਾਂ ਨੂੰ ਆਪਣੇ ਅੰਤਰੀਵੀ ਆਪੇ ਦੀ ਮਦਦ ਕਰਨ ਦੀ ਆਗਿਆ ਦਿੰਦੇ ਹਾਂ। ਇਹ ਬਦਲਾਵ ਜੀਵਨ ਨੂੰ ਅਰਥ ਭਰਪੂਰ ਅਤੇ ਪ੍ਰਮਾਣਿਕਤਾ ਕੇਂਦਰਿਤ ਬਣਾਉਂਦੇ ਹਨ।

ਕੰਧਿ ਕੁਹਾੜਾ ਸਿਰਿ ਘੜਾ ਵਣਿ ਕੈ ਸਰੁ ਲੋਹਾਰੁ ॥
ਮੋਢੇ 'ਤੇ ਕੁਹਾੜੀ ਅਤੇ ਸਿਰ 'ਤੇ ਘੜਾ ਚੁੱਕੀ, ਲੁਹਾਰ ਲੱਕੜ ਇਕੱਠੀ ਕਰਨ ਲਈ ਜੰਗਲ ਵਿਚ ਜਾਂਦਾ ਹੈ। ਇਹ ਦ੍ਰਿਸ਼ਟਾਂਤ ਰੋਜ਼ਮਰਾ ਜੀਵਨ ਵਿਚ ਵਿਚਾਰ ਰਹਿਤ ਬੋਝ ਨੂੰ ਉਠਾਉਣ ਦਾ ਪ੍ਰਤੀਕ ਹੈ, ਜਿਨ੍ਹਾਂ ਨੂੰ ਅਸੀਂ ਰੋਜ਼ਮਰਾ ਜੀਵਨ ਦੇ ਅਟੁੱਟ ਅੰਗ ਵਜੋਂ ਸਵੀਕਾਰ ਕਰ ਲੈਂਦੇ ਹਾਂ।

ਫਰੀਦਾ ਹਉ ਲੋੜੀ ਸਹੁ ਆਪਣਾ ਤੂ ਲੋੜਹਿ ਅੰਗਿਆਰ ॥੪੩॥
ਫਰੀਦ ਕਹਿੰਦੇ ਹਨ ਕਿ ਮੈਂ ਆਪਣੇ ਅਸਲ ਸੰਗੀ, ਸਰਬਵਿਆਪੀ ਚੇਤਨਾ ਦੀ ਭਾਲ ਕਰਦਾ ਹਾਂ, ਜਦੋਂ ਕਿ ਤੁਸੀਂ ਅੰਗਾਰਿਆਂ ਦੀ ਤਾਂਘ ਕਰਦੇ ਹੋ। ਇਹ ਭਾਵ ਸ਼ਾਂਤੀ ਲਿਆਉਣ ਵਾਲੇ ਬਿਬੇਕ ਦੀ ਭਾਲ ਦੀ ਤੁਲਨਾ ਉਸ ਅਸਥਾਈ ਗੁੰਮਰਾਹਕੁੰਨ ਸੁੱਖਾਂ ਦੀ ਲਾਲਸਾ ਨਾਲ ਕਰਦਾ ਹੈ, ਜੋ ਬੇਚੈਨੀ ਵੱਲ ਲੈ ਜਾਂਦੇ ਹਨ। (੪੩)

ਤੱਤ: ਸ਼ੇਖ ਫ਼ਰੀਦ ਗਲਤ ਤਰਜੀਹਾਂ ਦੀ ਤ੍ਰਾਸਦੀ ਨੂੰ ਉਜਾਗਰ ਕਰਦੇ ਹੋਏ, ਸਾਨੂੰ ਇਸ ਤੱਥ ਵਿਚ ਫ਼ਰਕ ਕਰਨ ਦੀ ਤਾਕੀਦ ਕਰਦੇ ਹਨ ਕਿ ਅਸਲ ਵਿਚ ਕੀ ਮਾਇਨੇ ਰੱਖਦਾ ਹੈ ਅਤੇ ਸਾਨੂੰ ਕੀ ਭਟਕਾਉਂਦਾ ਹੈ। ਉਹ ਮਨੁੱਖੀ ਉਦਮ ਦੀ ਤ੍ਰਾਸ਼ਦੀ ਵੱਲ ਇਸ਼ਾਰਾ ਕਰਦੇ ਹਨ, ਕਿਉਂਕਿ ਅਸੀਂ ਅਕਸਰ ਅਸਥਾਈ ਇੱਛਾਵਾਂ ਦੇ ਬੋਝ ਦਾ ਭਾਰ ਉਠਾਉਂਦੇ ਅਜਿਹੇ ਪਦਾਰਥ ਇਕੱਤਰ ਕਰਦੇ ਰਹਿੰਦੇ ਹਾਂ ਜੋ ਅੰਤ ਸੁਆਹ ਹੋ ਜਾਂਦੇ ਹਨ। ਇਹ ਸੂਝ ਸਾਨੂੰ ਚਿੰਤਨ ਲਈ ਪ੍ਰੇਰਿਤ ਕਰਦੀ ਹੈ ਕਿ ਕਿਧਰੇ ਅਸੀਂ ਇੱਛਾਵਾਂ ਰੂਪੀ ਅੱਗ ਨੂੰ ਤੇਲ ਪਾ ਕੇ ਤ੍ਰਿਪਤ ਕਰਨ ਦੀ ਕੋਸ਼ਿਸ ਤਾਂ ਨਹੀਂ ਕਰ ਰਹੇ ਜਾਂ ਅਸੀਂ ਅਸਲ ਵਿਚ ਅਸਲ ਪੂਰਤੀ ਦੀ ਭਾਲ ਕਰ ਰਹੇ ਹਾਂ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**
ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**